**ਜਮਾਤ ਦੱਸਵੀਂ** **ਵਿਸ਼ਾ ਪੰਜਾਬੀ**

---

***ਕਹਾਣੀ 'ਬੰਮ ਬਹਾਦਰ'***

*ਕਹਾਣੀਕਾਰ ਗੁਰਬਖਸ਼ ਸਿੰਘ*



*ਗੁਰਬਖਸ਼ ਸਿੰਘ*

---

**ਪ੍ਰਸ਼ਨ:- 'ਬੰਮ ਬਹਾਦਰ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।**

ਉੱਤਰ:- ਇਕ ਮਹਾਰਾਜੇ ਦਾ ਹਾਥੀ ਬੰਮ ਬਹਾਦਰ ਮਹੰਤ ਮਾਤਾਦੀਨ ਵੱਲੋਂ ਹਰ ਰੋਜ਼ ਆਪਣੇ ਰਾਤਬ ਵਿੱਚ ਚੋਰੀ ਕੀਤੇ ਜਾਣ ਕਰਕੇ ਹਾਥੀਖਾਨੇ ਵਿੱਚ ਖ਼ਰੂਦ ਮਚਾਈ ਰੱਖਦਾ ਸੀ, ਪਰ ਮਹਾਰਾਜ ਬੰਮ ਬਹਾਦਰ ਦੇ ਪਿਆਰ ਤੇ ਕੋਮਲਤਾ ਨੂੰ ਜਾਣਦੇ ਸਨ। ਇਸ ਕਰਕੇ ਜਿੱਦਣ ਉਹ ਆਪਣੀ ਨਵ-ਵਿਆਹੀ ਮਹਾਰਾਣੀ ਨਾਲ ਉਸ ਉੱਤੇ ਬੈਠ ਕੇ ਮਹੱਲਾਂ ਵਿੱਚ ਆਏ ਤਾਂ ਕੋਈ ਬੰਮ ਦੀ ਗਲਤੀ ਨਾ ਕੱਢ ਸਕਿਆ। ਫਿਰ ਜਦੋਂ ਬੰਮ ਨਾਲ਼ ਜਾਣ-ਪਛਾਣ ਕਰਾਉਣ ਮਗਰੋਂ ਮਹਾਰਾਣੀ ਮਹਾਰਾਜ ਦੀ ਇੱਛਾ ਅਨੁਸਾਰ ਉਸ ਨੂੰ ਦੇਖਣ ਲਈ ਗਈ ਤੇ ਉਸ ਲਈ ਬੂੰਦੀ ਦੇ ਲੱਡੂ ਬਣਵਾ ਕੇ ਲੈ ਗਈ, ਤਾਂ ਬੰਮ ਨੂੰ ਉਸ ਦੇ ਹੱਥੋਂ ਲੱਡੂ ਖਾ ਕੇ ਮਸਤੀ ਚੜ੍ਹ ਗਈ। ਪਰ ਮਾਤਾਦੀਨ ਨੇ ਲੱਡੂਆਂ ਬਦਲੇ ਬੰਮ ਦੇ ਰਾਤਬ ਵਿੱਚ ਹੋਰ ਕਮੀ ਕਰ ਦਿੱਤੀ, ਤਾਂ ਉਸ ਨੂੰ ਹੋਰ ਗੁੱਸਾ ਚੜ੍ਹ ਗਿਆ। ਮਹਾਰਾਣੀ ਹਫ਼ਤੇ ਵਿੱਚ ਦੋ ਵਾਰੀ ਬੰਮ ਨੂੰ ਮਿਲਣ ਜਾਂਦੀ ਤੇ ਉਹ ਉਸ ਦੇ ਹੱਥੋਂ ਲੱਡੂ ਜਾਂ ਪਰਾਉਂਠੇ ਖਾਕੇ ਉਸ ਨੂੰ ਸਿਰ ਉੱਤੇ ਬਿਠਾ ਕੇ ਸਲਾਮੀਆਂ ਦਿੰਦਾ। ਪਿਛੋਂ ਇਕ ਦਿਨ ਜਦੋਂ ਮਾਤਾਦੀਨ ਨੇ ਮਹਾਰਾਜ ਦੇ ਸ਼ਿਕਾਰ ਉੱਤੇ ਜਾਣ ਲਈ ਹੋਰ ਹਾਥੀ ਭੇਜ ਦਿੱਤਾ ਤਾਂ ਬੰਮ ਨੇ ਗੁੱਸੇ ਵਿਚ ਮਾਤਾਦੀਨ ਨੂੰ ਪੈਰਾਂ ਹੇਠ ਮਲ ਸੁੱਟਿਆ ਤੇ ਫਿਰ ਸੰਗਲ ਤੁੜਾਕੇ ਉਸ ਦਾ ਕੋਠਾ ਢਾਹ ਦਿੱਤਾ। ਖ਼ਬਰ ਪਾ ਕੇ ਮਹਾਰਾਣੀ ਉਸ ਦੇ ਰਾਹ ਵਿਚ ਪੁੱਜੀ। ਬੰਮ ਆਪਣੇ ਰਾਹ ਵਿਚ ਆਉਣ ਵਾਲੇ ਹਰ ਬੰਦੇ ਉੱਤੇ ਆਪਣੀ ਸੁੰਡ ਵਿੱਚ ਭਰਿਆ ਗੰਦਾ ਪਾਣੀ ਸੁੱਟ ਰਿਹਾ ਸੀ ਪਰ ਮਹਾਰਾਣੀ ਨੂੰ ਦੇਖ ਕੇ ਉਹ ਖੜ੍ਹਾ ਹੋ ਗਿਆ। ਮਹਾਰਾਣੀ ਨੇ ਸਮਝ ਲਿਆ ਕਿ ਮਾਤਾਦੀਨ ਨੇ ਉਸ ਨੂੰ ਦੁੱਖ ਦਿੱਤਾ ਹੈ। ਉਸਨੇ ਉਸਨੂੰ ਕਿਹਾ ਕਿ ਉਸਨੇ ਮਾਤਾਦੀਨ ਦੇ ਬੱਚਿਆਂ ਦੇ ਰਹਿਣ ਵਾਲਾ ਕੋਠਾ ਢਾਹ ਕੇ ਚੰਗਾ ਨਹੀਂ ਕੀਤਾ, ਜਿਸ ਦਾ ਹਰਜਾਨਾ ਉਸ ਨੂੰ ਆਪਣਾ ਅੱਧਾ ਰਾਤਬ ਕਟਾ ਕੇ ਭਰਨਾ ਪਵੇਗਾ। ਬੰਮ ਆਪਣੀ ਸੁੰਡ ਨਾਲ ਉਸਦੇ ਪੈਰਾਂ ਦੁਆਲੇ ਚੱਕਰ ਕੱਢ ਕੇ ਆਪਣੀ ਸਹਿਮਤੀ ਪ੍ਰਗਟ ਕਰ ਰਿਹਾ ਸੀ। ਇਸ ਪਿਛੋਂ ਸਾਰੇ ਜਣੇ ਮਹੱਲਾਂ ਵਿਚ ਪਹੁੰਚੇ। ਹੁਣ ਬੰਮ ਅੱਧੇ ਰਾਤਬ ਉੱਤੇ ਹੀ ਖ਼ੁਸ਼ ਸੀ। ਮਹਾਰਾਣੀ ਦੀ ਅਗਲੀ ਫੇਰੀ ਤੇ ਉਸ ਨੂੰ ਆਪਣੇ ਸਿਰ ਉੱਤੇ ਬਿਠਾ ਕੇ ਚੱਕਰ ਲਗਾਉਣ ਲੱਗ ਪਿਆ।

**ਪ੍ਰਸ਼ਨ :- ਬੰਮ ਨੂੰ ਮਾਤਾਦੀਨ ਨਾਲ ਕਿਸ ਗੱਲੋਂ ਈਰਖਾ ਸੀ?**

**ਉੱਤਰ** :- ਬੰਮ ਨੂੰ ਮਾਤਾਦੀਨ ਨਾਲ ਈਰਖਾ ਨਹੀਂ
; ਸਗੋਂ ਗੁੱਸਾ ਤੇ ਨਫ਼ਰਤ ਸੀ, ਕਿਉਂਕਿ ਉਹ ਉਸ ਦੇ ਰਾਤਬ ਵਿਚੋਂ ਚੋਰੀ ਕਰਦਾ ਸੀ ਤੇ ਉਸ ਤੋਂ ਉਸਦਾ ਹੱਕ ਖੋਂਹਦਾ ਜਾ ਰਿਹਾ ਸੀ। ਉਸ ਨੂੰ ਇਸ ਗੱਲ ਨਾਲ ਈਰਖਾ ਜ਼ਰੂਰ ਸੀ ਕਿ ਮਾਤਾਦੀਨ ਦੇ ਵਿਤਕਰੇ ਕਾਰਨ ਮਹਾਰਾਜ ਦੇ ਸ਼ਿਕਾਰ ਖੇਡਣ ਲਈ ਜਾਣ ਸਮੇਂ ਉਸ ਦੀ ਥਾਂ ਕਿਸੇ ਹੋਰ ਹਾਥੀ ਨੂੰ ਮਿਲ ਗਈ ਸੀ।

**ਪ੍ਰਸ਼ਨ :- ਮਹਾਰਾਣੀ ਨੂੰ ਮਹਿਲਾ ਦੇ ਦਰਾਂ ਤੇ ਲਿਆਉਣ ਬੰਮ ਬਹਾਦਰ ਨੇ ਕਿਹੋ ਜਿਹਾ ਵਿਹਾਰ ਪ੍ਰਗਟਾਇਆ?**

**ਉੱਤਰ**:- ਮਹਾਰਾਣੀ ਨੂੰ ਮਹਿਲਾਂ ਦੇ ਦਰਾਂ ਵਿੱਚ ਲਿਆਉਣ ਸਮੇਂ ਬੰਮ ਬਹਾਦਰ ਕਿਸੇ ਚੰਗੇ ਤੋਂ ਚੰਗੇ ਸਿਪਾਹੀ ਤੋਂ ਵੀ ਵੱਧ ਚੇਤੰਨ ਸੀ । ਹੋਰ ਝੂੰਮਦਾ- ਝਾਮਦਾ , ਲਟਕਦਾ-ਮਟਕਦਾ ਆਪਣੇ ਸ਼ਾਹੀ ਭਾਰ ਨੂੰ ਚੁੱਕ ਕੇ ਮਹਿਲਾਂ ਦੇ ਦਰਾਂ ਉੱਤੇ ਲੈ ਆਇਆ । ਜਲੂਸ ਵਿੱਚ ਕੋਈ ਉਸ ਦੀ ਗਲਤੀ ਨਾ ਕੱਢ ਸਕਿਆ।

**ਪ੍ਰਸ਼ਨ:-ਮਹਾਰਾਜ ਤੇ ਮਹਾਰਾਣੀ ਦਾ ਬੰਮ ਬਹਾਦਰ ਪ੍ਰਤੀ ਵਰਤਾਓ ਕਿਹੋ ਜਿਹਾ ਸੀ?**

**ਉੱਤਰ**:- ਮਹਾਰਾਜਾ ਤੇ ਮਹਾਰਾਣੀ ਦਾ ਬੰਮ ਬਹਾਦਰ ਪ੍ਰਤੀ ਵਰਤਾਓ ਬਹੁਤ ਹੀ ਪਿਆਰ ਭਰਿਆ ਸੀ। ਮਹਾਰਾਜ ਉਸ ਦੀ ਅਣਖ ਦੀ ਕਦਰ ਪਾਉਂਦੇ ਸਨ ਅਤੇ ਉਸ ਨੂੰ ਹਰ ਜਲਸੇ ਦਾ ਸ਼ਿੰਗਾਰ ਬਣਾਉਂਦੇ ਸਨ ,ਕਿਉਂਕਿ ਉਹ ਜਾਣਦੇ ਸਨ ਕੀ ਬੰਮ ਤਮਾਸ਼ਬੀਨ ਹੈ ।ਉਹ ਬੰਮ ਦੀ ਥਾਂ ਕਿਸੇ ਹੋਰ ਨੂੰ ਦੇਣ ਦੇ ਹੱਕ ਵਿਚ ਨਹੀਂ ਸਨ। ਮਹਾਰਾਣੀ ਉਸ ਪ੍ਰਤੀ ਵਿਵਹਾਰ ਬਹੁਤ ਪਿਆਰ ਅਤੇ ਅਪਣੱਤ ਭਰਿਆ ਸੀ । ਉਹ ਉਸ ਨੂੰ ਹਫ਼ਤੇ ਵਿਚ ਇੱਕ ਵਾਰੀ ਤੇ ਫਿਰ ਦੋ ਵਾਰੀ ਮਿਲਣ ਲਈ ਜਾਂਦੀ। ਉਹ ਉਸ ਨੂੰ ਲੱਡੂ, ਪਰਾਉਂਠੇ ਖਵਾਉਂਦੀ ਤੇ ਬੰਮ ਬੜੇ ਚਾਅ ਨਾਲ ਖਾ ਕੇ ਉਸਨੂੰ ਆਪਣੇ ਉੱਪਰ ਬਿਠਾ ਕੇ ਫੂੰਮਣੀਆਂ ਪਾਉਂਦਾ ਹੋਇਆ ਘੁੰਮਦਾ । ਇਸ ਤਰ੍ਹਾਂ ਮਹਾਰਾਣੀ ਦਾ ਬੰਮ ਪ੍ਰਤੀ ਵਰਤਾਓ ਬਹੁਤ ਹੀ ਪਿਆਰ ਅਤੇ ਅਪਣੱਤ ਭਰਿਆ ਸੀ।

**ਪ੍ਰਸ਼ਨ:- ਬੰਮ ਬਹਾਦਰ ਨੇ ਪੈਰਾਂ ਦੇ ਸੰਗਲ ਤੋੜ ਕੇ ਕੀ ਤਬਾਹੀ ਕੀਤੀ?**

**ਉੱਤਰ**:- ਬੰਮ ਬਹਾਦਰ ਸੰਗਲ ਤੁੜਾ ਕੇ ਸਿੱਧਾ ਮਾਤਾਦੀਨ ਦੇ ਬਾਗ਼ ਵਿੱਚ ਪੁੱਜਾ । ਉਸਨੇ ਬਾਗ਼ ਦੇ ਸਾਰੇ ਬੂਟੇ ਪੁੱਟ ਸੁੱਟੇ ਤੇ ਉੱਗਿਆ ਸਭ ਕੁਝ ਰੋਲ ਦਿੱਤਾ। ਮਾਤਾਦੀਨ ਦੇ ਬਾਲ-ਬੱਚੇ ਘਰ ਖ਼ਾਲੀ ਕਰ ਕੇ ਨੱਠ ਗਏ। ਬੰਮ ਨੇ ਉਨ੍ਹਾਂ ਦੀ ਕੋਠੜੀ ਢਾਹ ਕੇ ਖੋਲਾ ਬਣਾ ਦਿੱਤੀ। ਫਿਰ ਉਸ ਨੇ ਇਕ ਛੱਪੜ ਵਿੱਚੋਂ ਆਪਣੀ ਸੁੰਡ ਵਿੱਚ ਪਾਣੀ ਭਰ ਲਿਆ, ਜਿਹੜਾ ਵੀ ਉਸ ਦੇ ਰਸਤੇ ਵਿਚ ਆਉਂਦਾ, ਉਹ ਪਾਣੀ ਦੀ ਵਾਛੜ ਸੁੱਟ ਕੇ ਉਸ ਨੂੰ ਡਰਾ ਦਿੰਦਾ ਸੀ।

**ਪ੍ਰਸ਼ਨ:- ਨਰਾਜ਼ ਹੋਏ ਬੰਮ ਬਹਾਦਰ ਨੂੰ ਮਹਾਰਾਣੀ ਨੇ ਆਪਣੇ ਵੱਸ ਵਿੱਚ ਕਿਵੇਂ ਕੀਤਾ?**

**ਉੱਤਰ**:- ਪੁਲਿਸ ਕਪਤਾਨ ਨੇ ਮਹਾਰਾਣੀ ਨੂੰ ਉਸਦੀ ਇੱਛਾ ਅਨੁਸਾਰ ਗੁੱਸੇ ਨਾਲ ਬੇਕਾਬੂ ਹੋਏ ਬੰਮ ਦੇ ਰਸਤੇ ਵਿਚ ਉਤਾਰ ਦਿੱਤਾ l ਉਸ ਨੇ ਕਪਤਾਨ ਨੂੰ ਕਿਹਾ ਕਿ ਉਹ ਆਪਣਾ ਦਸਤਾ ਤਿਆਰ ਰੱਖੇ, ਪਰ ਜਿੰਨਾ ਚਿਰ ਉਹ ਹੱਥ ਚੁੱਕ ਕੇ ਇਸ਼ਾਰਾ ਨਾ ਕਰੇ ਗੋਲੀ ਨਾ ਚਲਾਈ ਜਾਵੇ। ਤਣੀਆਂ ਬੰਦੂਕਾਂ ਦੇਖ ਕੇ ਬੰਮ ਮੋਟਰ ਵੱਲ ਦੌੜਿਆ , ਪ੍ਰੰਤੂ ਮਹਾਰਾਣੀ ਉਸ ਦੀ ਸੇਧ ਵੱਲ ਦੌੜ ਪਈ। ਬੰਮ ਮਹਾਰਾਣੀ ਤੋਂ ਪੰਜਾਹ ਗਜ਼ ਦੀ ਵਿੱਥ ਉਤੇ ਖੜ੍ਹਾ ਹੋ ਗਿਆ। ਮਹਾਰਾਣੀ ਉਸਦੇ ਕੋਲ ਪਹੁੰਚੀ ਤਾਂ ਬੰਮ ਨੇ ਸੁੰਡ ਚੁੱਕ ਕੇ ਸਲਾਮੀ ਦਿੱਤੀ। ਮਹਾਰਾਣੀ ਨੇ ਹੱਥ ਜੋੜੇ, ਪਰ ਬੰਮ ਨੇ ਆਪਣੀ ਸੁੰਡ ਦੇ ਗੰਦੀ ਹੋਣ ਕਾਰਨ ਉਸ ਦੇ ਹੱਥਾਂ ਨੂੰ ਛੋਹਿਆ ਨਾ lਇਸ ਪਿੱਛੋਂ ਮਹਾਰਾਣੀ ਉਸ ਨਾਲ ਗੱਲਾਂ ਕਰਦੀ ਰਹੀ ਤੇ ਉਹ ਉਸਦੇ ਪੈਰਾਂ ਦੁਆਲੇ ਚੱਕਰ ਕੱਢ ਕੇ ਉਸ ਦੀ ਹਰ ਗੱਲ ਸਵੀਕਾਰ ਕਰਦਾ ਗਿਆ। ਇਸ ਤਰ੍ਹਾਂ ਪਿਆਰ ਨਾਲ ਮਹਾਰਾਣੀ ਨੇ ਬੰਮ ਨੂੰ ਆਪਣੇ ਵੱਸ ਵਿਚ ਕਰ ਲਿਆ।

**ਪ੍ਰਸ਼ਨ:- "ਤੇਰੀ ਸੁੱਚੀ ਹੈਵਾਨੀਅਤ ਨੂੰ ਚੋਰ ਇਨਸਾਨੀਅਤ ਦੀਆਂ ਸਾਜ਼ਸ਼ਾਂ ਤੋਂ ਮੈਂ ਬਚਾ ਕੇ ਰੱਖਾਂਗੀ l" ਮਹਾਰਾਣੀ ਦੇ ਇਨ੍ਹਾਂ ਸ਼ਬਦਾਂ ਤੋ ਕੀ ਭਾਵ ਹੈ ?**

**ਉੱਤਰ**:- ਮਹਾਰਾਣੀ ਦਾ ਇਨ੍ਹਾਂ ਸ਼ਬਦਾਂ ਤੋਂ ਭਾਵ ਸੀ ਕਿ ਮਾਤਾਦੀਨ ਵਰਗਿਆਂ ਦੇ ਅੰਦਰ ਵਸਦੀ ਚੋਰ ਹੈਵਾਨੀਅਤ ਤੋਂ ਉਹ ਬੰਮ ਦੇ ਅੰਦਰ ਵੱਸਦੀ ਪਿਆਰ ਦੀ ਭੁੱਖੀ ਇਨਸਾਨੀਅਤ ਨੂੰ ਬਚਾ ਕੇ ਰੱਖੇਗੀ ਤੇ ਕਿਸੇ ਨੂੰ ਉਸ ਨਾਲ ਜ਼ਿਆਦਤੀ ਨਹੀਂ ਕਰਨ ਦੇਵੇਗੀ, ਜਿਸ ਕਾਰਨ ਉਸ ਨੂੰ ਗੁੱਸਾ ਚੜ੍ਹਿਆ ਹੈ ਤੇ ਉਸ ਨੇ ਝੱਲਿਆਂ ਵਾਲਾ ਵਰਤਾਓ ਸ਼ੁਰੂ ਕੀਤਾ ਹੈ।

**ਪ੍ਰਸ਼ਨ:- ਮਹਾਰਾਣੀ ਦੇ ਸੰਪਰਕ ਵਿੱਚ ਆਉਣ ਨਾਲ ਬੰਮ ਦੇ ਵਤੀਰੇ ਵਿੱਚ ਕੀ ਤਬਦੀਲੀ ਆਈ?**

ਉੱਤਰ :- ਮਹਾਰਾਣੀ ਦੇ ਸੰਪਰਕ ਵਿੱਚ ਆਉਣ ਮਗਰੋਂ ਬੰਮ ਜੋ ਕਿ ਗੁੱਸੇ ਵਿਚ ਪਾਗਲ ਹੋਇਆ ਜਾਪਦਾ ਸੀ, ਇਕ ਦਮ ਸ਼ਾਂਤ ਹੋ ਗਿਆ। ਉਸ ਨੂੰ ਮਹਾਰਾਣੀ ਦੇ ਆਪਣੇ ਨਾਲ ਸੁੱਚੇ ਅਤੇ ਅਪਣੱਤ ਭਰੇ ਪਿਆਰ ਬਾਰੇ ਪਤਾ ਸੀ, ਜਿਸ ਕਰਕੇ ਉਸ ਨੇ ਮਹਾਰਾਣੀ ਪ੍ਰਤੀ ਆਪਣੇ ਪਿਆਰ ਅਤੇ ਸਤਿਕਾਰ ਨੂੰ ਪ੍ਰਗਟ ਕਰਨ ਲਈ ਉਸ ਨੂੰ ਸਲਾਮੀ ਦਿੱਤੀ , ਉਸਦੇ ਜੁੜੇ ਹੱਥਾਂ ਨਾਲ ਆਪਣੀ ਗੰਦੀ ਸੁੰਡ ਨਾ ਛੁਹਾਈ ਤੇ ਉਸ ਦੀ ਹਰ ਗੱਲ ਨੂੰ ਕਬੂਲ ਕਰਨ ਲਈ ਆਪਣੀ ਸੁੰਡ ਨਾਲ ਉਸਦੇ ਪੈਰਾਂ ਦੇ ਚੱਕਰ ਕੱਢਣੇ ਸ਼ੁਰੂ ਕਰ ਦਿੱਤੇ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ:- ਬੰਮ ਬਹਾਦਰ ਕਹਾਣੀ ਦਾ ਲੇਖਕ ਕੌਣ ਹੈ?**

ਉੱਤਰ :-ਗੁਰਬਖਸ਼ ਸਿੰਘ।

**ਪ੍ਰਸ਼ਨ:-ਗੁਰਬਖਸ਼ ਸਿੰਘ ਦੀ ਲਿਖੀ ਹੋਈ ਕਹਾਣੀ ਕਿਹੜੀ ਹੈ?**

ਉੱਤਰ :-ਬੰਮ ਬਹਾਦਰ।

**ਪ੍ਰਸ਼ਨ :-ਬੰਮ ਬਹਾਦਰ ਦਾ ਮਹੌਤ ਕੌਣ ਹੈ?**

ਉੱਤਰ :-ਮਾਤਾਦੀਨ।

**ਪ੍ਰਸ਼ਨ:- ਮਹਾਰਾਜ ਨੇ ਮਹਾਰਾਣੀ ਨੂੰ ਹਾਥੀ ਨਾਲ ਆਪਣੀ ਕਿਹੜੀ ਗੱਲ ਦੀ ਸਾਂਝ ਦੱਸੀ?**

ਉੱਤਰ :-ਜਨਮ ਦਿਨ ਦੀ।

**ਪ੍ਰਸ਼ਨ :- ਬੰਮ ਬਹਾਦਰ ਮਹਾਰਾਣੀ ਦੇ ਪੈਰਾਂ ਦੁਆਲੇ ਸੁੰਡ ਨਾਲ ਚੱਕਰ ਖਿੱਚ ਕੇ ਕੀ ਇਕਰਾਰ ਕਰਦਾ ਸੀ?**

ਉੱਤਰ:- ਆਗਿਆ ਪਾਲਣ ਦਾ।

**ਪ੍ਰਸ਼ਨ:- ਮਹਾਰਾਣੀ ਨੇ ਬੰਮ ਬਹਾਦਰ ਨੂੰ ਕਿੰਨ੍ਹਾਂ ਦਾ ਘਰ ਢਾਹੁਣਾ ਉਸ ਦੀ ਗਲਤੀ ਦੱਸੀ?**

ਉੱਤਰ :- ਮਾਤਾਦੀਨ ਦੇ ਬੱਚਿਆਂ ਦਾ ਘਰ ।

---


ਤਿਆਰ ਕਰਤਾ

ਸੀਮਾ ਰਾਣੀ

ਪੰਜਾਬੀ ਮਿਸਟ੍ਰੈੱਸ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੌਂਤਾ (ਲੁਧਿਆਣਾ)